# ਮਿਤੀ 18-7-2010 ਨੂੰ ਲੁਧਿਆਣਾ ਵਿਖੇ ਦੌਰੇ ਸਬੰਧੀ ਟੂਰ ਨੋਟ

ਨਿਮਨ ਹਸਤਾਖਰ ਵਲੋਂ ਲੁਧਿਆਣਾ ਦਾ ਮਿਤੀ 18-7-2010 ਨੂੰ ਟੂਰ ਕੀਤਾ ਗਿਆ। ਹੇਠ ਲਿਖੀਆ ਉਣਤਾਈਆਂ ਨੋਟਿਸ ਵਿੱਚ ਆਈਆਂ, ਜਿਨ੍ਹਾਂ ਨੂੰ ਦੂਰ ਕਰਨ ਲਈ ਸਬੰਧਤ ਅਫਸਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

<u>1. ਸਿਵਲ ਹਸਪਤਾਲ,ਲੁਧਿਆਣਾ</u>

1. **ਖਾਲੀ ਥਾਂ** :ਸਿਵਲ ਹਸਪਤਾਲ, ਲੁਧਿਆਣਾ, ਦੀ ਬਿਲਡਿੰਗ ਦੇ ਸਾਹਮਣੇ ਜੋ ਖਾਲੀ ਥਾਂ ਪਈ ਹੈ, ਉਸ ਦੀ ਸਾਫ ਸਫਾਈ ਕਰਵਾਈ ਜਾਵੇ, ਉਸ ਤੇ ਪਿਆ ਮਲਬਾ ਹਟਾ ਕੇ ਉਸ ਵਿੱਚ ਇੱਕ ਫੁੱਟ ਮੱਟੀ ਪਵਾਈ ਜਾਵੇ ਅਤੇ ਬਾਊਂਡਰੀ ਵਾਲ ਦੇ ਨਾਲ ਨਾਲ ਮੈਡੀਸਨਲ ਪਲਾਂਟਸ ਲਗਾਏ ਜਾਣ। (**ਐਸ.ਈ-ਪੀ.ਐਚ.ਐਸ.ਸੀ**)।

2. **ਸਿਵਲ ਹਸਪਤਾਲ, ਲੁਧਿਆਣਾ ਦੀ ਬਿਲਡਿੰਗ ਦੀ ਰਿਪੇਅਰ** :ਇਹ ਕੰਮ ਅਕਤੂਬਰ 2010 ਤੱਕ ਮੁਕੰਮਲ ਕਰਵਾਈਆ ਜਾਣਾ ਸੀ। ਪ੍ਰੰਤੂ ਇਹ ਕੰਮ ਅਜੇ ਸੁਰੂ ਵੀ ਨਹੀਂ ਕਰਵਾਇਆ ਗਿਆ। ਇਹ ਕੰਮ ਸੁਰੂ ਕਰਵਾਇਆ ਜਾਵੇ ਅਤੇ 3 ਮਹੀਨੇ ਦੇ ਅੰਦਰ ਅੰਦਰ ਖਤਮ ਕਰਵਾਇਆ ਜਾਵੇ। (**ਸਿਵਲ ਸਰਜਨ**)/ **ਐਮ.ਡੀ-ਪੀ.ਐਚ.ਐਸ.ਸੀ.**

(3) **ਬਰਨ ਵਾਰਡ ਦਾ ਕੰਮ** : ਇਹ ਕੰਮ 31-7-2010 ਤੱਕ ਖਤਮ ਹੋਣਾ ਸੀ, ਜੋ ਪੂਰਾ ਨਹੀਂ ਹੋਇਆ। ਠੇਕੇਦਾਰ ਨੂੰ 3 ਮਹੀਨੇ ਦਾ ਸਮਾਂ ਦਿੱਤਾ ਜਾਵੇ ਅਤੇ ਸਮੇ-ਸਿਰ ਕੰਮ ਖਤਮ ਕਰਵਾਇਆ ਜਾਵੇ। (**ਸਿਵਲ ਸਰਜਨ** )।

(4) **ਜਨ ਔਸਧੀ** : ਜਨ ਔਸਧੀ ਵਿਖੇ ਹੇਠ ਲਿਖੀਆਂ ਅਨਿਯਮਤਾਵਾਂ ਪਾਈਆਂ ਗਈਆਂ :-

- ਬਿਲਿੰਗ ਪਰਾਪਰ ਨਹੀਂ ਹੋ ਰਹੀ,
- ਕੁਆਲੀਫਾਇਡ ਫਾਰਮਾਸਿਸਟ ਨਹੀਂ ਰੱਖਿਆ ਗਿਆ,
- ਜਨ ਔਸਧੀ ਨੇ ਵਾਧੂ ਬਰਾਂਮਦੇ ਦੀ ਥਾਂ ਤੇ ਕਬਜਾ ਕੀਤਾ ਹੋਇਆ ਹੈ।
- ਜਨ ਔਸਧੀ ਦਾ ਸਾਰਾ ਸਾਮਾਨ ਗੈਰ-ਸਰਕਾਰੀ ਕੰਪਨੀਆਂ ਦਾ ਸੀ ਅਤੇ ਇਹ ਸਾਰਾ ਸਾਮਾਨ ਦੁਕਾਨਦਾਰਾਂ ਤੋਂ ਆਪ ਹੀ ਖਰੀਦ ਕੇ ਕਿਸੇ ਪ੍ਰਾਈਵੇਟ ਕੰਪਨੀ ਦਾ ਵੇਚਿਆ ਜਾ ਰਿਹਾ ਸੀ।

  ਇਸ ਦੀ ਵਿਸਥਾਰ ਪੂਰਵਕ ਰਿਪੋਰਟ ਸਿਵਲ ਸਰਜਨ ਲੁਧਿਆਣਾ ਵੱਖਰੇ ਤੌਰ ਤੇ ਤਿਆਰ ਕਰਕੇ ਐਮ.ਡੀ.-ਪੀ.ਐਚ.ਐਸ.ਸੀ. ਨੂੰ ਭੇਜਣ ਅਤੇ ਯੋਗ ਹੁਕਮ ਲੈਣ ਅਤੇ ਬਣਦੀ ਕਾਰਵਾਈ ਕਰਨ। (**ਸਿਵਲ ਸਰਜਨ ਅਤੇ ਐਮ.ਡੀ. ਪੀ.ਐਚ.ਐਸ.ਸੀ**)

(ਸਤੀਸ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ
03-08-2010

1. ਐਮ.ਡੀ.-ਪੀ.ਐਚ.ਐਸ.ਸੀ., ਮੋਹਾਲੀ,
2. ਸਿਵਲ ਸਰਜਨ, ਲੁਧਿਆਣਾ ।